ਮੰਨਜ਼ੂਰੀ ਨੰ: 1/2014-15

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਬੀ.ਏ.ਡੀ.ਪੀ. ਸ਼ਾਖਾ)

ਸੇਵਾ ਵਿਖੇ,

ਡਿਪਟੀ ਕਮਿਸ਼ਨਰ-ਕਮ-ਸਕੱਤਰ,
ਜ਼ਿਲ੍ਹਾ ਯੋਜਨਾ ਕਮੇਟੀ,
ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ,
ਫਿਰੋਜ਼ਪੁਰ ਅਤੇ ਫਾਜਿਲਕਾ।

ਮੀਮੋ ਨੰ: 1/99-ਪਸਪਬ-ਖੋ.ਅ.(ਬੀ.ਏ.ਡੀ.ਪੀ.)-2014-15/1962
ਮਿਤੀ, ਚੰਡੀਗੜ੍ਹ 8 ਮਈ, 2014

**ਵਿਸ਼ਾ:-** **ਜਿਲ੍ਹਾ ਪਲਾਨ ਸਕੀਮ ਪੀ.ਐਮ 16 ''ਬਾਰਡਰ ਏਰੀਆ ਡਿਵੈਲਪਮੈਂਟ ਪ੍ਰੋਗਰਾਮ' (ਨਾਰਮਲ) ਅਧੀਨ ਸਾਲ 2013-14 ਦੌਰਾਨ ਜਾਰੀ ਕੀਤੀ ਰਾਸ਼ੀ ਖਜ਼ਾਨੇ ਵਿੱਚੋਂ ਡਰਾਅ ਨਾ ਹੋਣ ਕਰਕੇ 3217.76 ਲੱਖ ਰੁਪਏ ਦੀ ਰਾਸ਼ੀ ਵਿੱਤੀ ਸਾਲ 2014-15 ਦੌਰਾਨ ਮੁੜ ਰਲੀਜ਼ ਕਰਨ ਬਾਰੇ।**

ਰਾਜਪਾਲ, ਪੰਜਾਬ ਜੀ ਪਲਾਨ ਸਕੀਮ ਪੀ.ਐਮ 16 'ਬਾਰਡਰ ਏਰੀਆ ਡਿਵੈਲਪਮੈਂਟ ਪ੍ਰੋਗਰਾਮ (ਨਾਰਮਲ)' ਅਧੀਨ ਸਾਲ 2013-14 ਦੌਰਾਨ ਸਪੈਸ਼ਲ ਕੇਂਦਰੀ ਸਹਾਇਤਾ ਵਜੋਂ ਵਿੱਤ ਮੰਤਰਾਲੇ, ਭਾਰਤ ਸਰਕਾਰ ਵੱਲੋਂ ਜਾਰੀ ਕੀਤੀ 3217.76 ਲੱਖ ਰੁਪਏ ਦੀ ਰਾਸ਼ੀ ਖਜ਼ਾਨੇ ਵਿੱਚੋਂ ਡਰਾਅ ਨਾ ਹੋਣ ਕਾਰਨ ਵਿੱਤੀ ਸਾਲ 2014-15 ਦੌਰਾਨ ਮੁੜ ਰਲੀਜ ਕਰਨ ਅਤੇ ਸਾਲ 2013-14 ਦੇ ਪ੍ਰਵਾਣਤ ਕੰਮਾਂ ਤੇ ਖਰਚ ਕਰਨ ਸਬੰਧੀ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਦਿੰਦੇ ਹਨ। ਇਸ ਵਿੱਚ ਸਪੈਸ਼ਲ ਕੰਪੋਨੈਂਟ ਪਲਾਨ ਦਾ ਹਿੱਸਾ ਵੀ ਸ਼ਾਮਲ ਹੈ। ਪ੍ਰਵਾਣਤ ਕੰਮਾਂ ਦੀ ਕਾਪੀ ਇਸ ਵਿਭਾਗ ਦੇ ਮੀਮੋ ਨੰ:1/99-ਪਸਪਬ-ਖੋ.ਅ.(ਬੀ.ਏ.ਡੀ.ਪੀ.)-2013-14/1396-1409 ਮਿਤੀ 20 ਮਾਰਚ, 2014 ਰਾਹੀਂ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ।

2. ਸੈਕਸ਼ਨ ਕੀਤੀ ਰਾਸ਼ੀ ਦੀ ਜ਼ਿਲ੍ਹਾਵਾਰ/ਬਲਾਕਵਾਰ ਵੰਡ ਅਨੈਕਚਰ 'ਏ' ਅਨੁਸਾਰ ਕੀਤੀ ਜਾਂਦੀ ਹੈ।

3. ਸੈਂਕਸ਼ਨ ਕੀਤੀ 3217.76 ਲੱਖ ਰੁਪਏ ਦੀ ਰਾਸ਼ੀ ਦਾ ਰੈਵੀਨਿਊ ਅਤੇ ਕੈਪੀਟਲ ਕੰਪੋਨੈਂਟ ਦਾ ਜਿਲ੍ਹਾਵਾਰ ਵੇਰਵਾ ਹੇਠ ਅਨੁਸਾਰ ਹੈ-

**(Rs. Lacs)**

| (Demand No.19) | | | | |
|---|---|---|---|---|
| | **Major Head 3451 (Revenue Component) Minor Head 101 SOE 210:21 (Material & Supply)** | **Major Head 5475 (Capital Component) Minor Head 112 SOE 530:53 (Major Works)** | | |
| **Name of the district** | **General Component** | **General Component** | **SCSP 789** | **Total** |
| Amritsar | 41.07 | 396.84 | 217.59 | 614.43 |
| Ferozepur | 43.48 | 372.28 | 197.24 | 569.52 |
| Fazilka | 48.82 | 397.51 | 210.83 | 608.34 |
| Gurdaspur | 51.57 | 515.58 | 273.85 | 789.43 |
| Pathankot | 9.68 | 95.75 | 49.57 | 145.32 |
| Tarn Taran | 30.81 | 173.93 | 91.36 | 265.29 |
| **Total** | **225.43** | **1951.89** | **1040.44** | **2992.33** |

(1-6)

4. ਸਕੀਮ ਤਹਿਤ ਖਰਚਾ ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਕੀਤਾ ਜਾਵੇਗਾ:-

(ੳ) ਭਾਰਤ ਸਰਕਾਰ, ਗ੍ਰਹਿ ਮੰਤਰਾਲਿਆ ਵੱਲੋਂ ਜਾਰੀ ਹਦਾਇਤਾਂ/ਬੀ.ਏ.ਡੀ.ਪੀ. ਦੀਆਂ ਸੋਧੀਆਂ ਗਾਈਡਲਾਈਨਜ਼, 2009 ਅਨੁਸਾਰ ਕੀਤਾ ਜਾਵੇਗਾ।

(ਅ) ਸਬੰਧਤ ਵਿਭਾਗ/ਕਾਰਜਕਾਰੀ ਏਜੰਸੀ ਦੀ ਜ਼ਿੰਮੇਵਾਰੀ ਹੋਵੇਗੀ ਕਿ ਖਜ਼ਾਨੇ ਵਿੱਚੋਂ ਰਾਸ਼ੀ ਅਸਲ ਲੋੜ ਅਨੁਸਾਰ ਹੀ ਡਰਾਅ ਕਰਵਾਈ ਜਾਵੇ।

(ੲ) ਲਾਗੂ ਕੀਤੇ ਜਾਣ ਵਾਲੇ ਕਾਰਜ ਬਾਰੇ ਕਾਰਜਕਾਰੀ ਏਜੰਸੀਆਂ ਤੋ ਲੋੜੀਂਦਾ ਐਸਟੀਮੇਟ ਪ੍ਰਾਪਤ ਕਰਨ ਅਤੇ ਇਸ ਦੀ ਪ੍ਰਵਾਨਗੀ ਸਮਰੱਥ ਅਥਾਰਟੀ ਵੱਲੋਂ ਹੋਣ ਉਪਰੰਤ ਹੀ ਰਾਸ਼ੀ ਜਾਰੀ ਕੀਤੀ ਜਾਵੇਗੀ।

(ਸ) ਖਰਚੇ ਨੂੰ ਮਹਾਂਲੇਖਾਕਾਰ, ਪੰਜਾਬ ਦੇ ਦਫ਼ਤਰ ਨਾਲ ਮਿਲਾਨ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ।

(ਹ) ਸਬੰਧਤ ਵਿਭਾਗ/ਕਾਰਜਕਾਰੀ ਏਜੰਸੀਆਂ ਤੋਂ ਸਕਮੀਵਾਰ/ਕੰਮਵਾਰ ਵਰਤੋਂ ਸਰਟੀਫਿਕੇਟ ਪ੍ਰਾਪਤ ਕੀਤੇ ਜਾਣਗੇ ਅਤੇ ਇਹ ਸਰਟੀਫਿਕੇਟ ਯੋਜਨਾਬੰਦੀ ਵਿਭਾਗ ਨੂੰ ਭੇਜੇ ਜਾਣਗੇ ਤਾਂ ਜੋ ਇਹ ਅੱਗੇ ਭਾਰਤ ਸਰਕਾਰ ਨੂੰ ਸਮੇਂ ਸਿਰ ਭੇਜੇ ਜਾ ਸਕਣ।

(ਕ) ਮਹੀਨਾਵਾਰ ਪ੍ਰਗਤੀ ਰਿਪੋਰਟ ਸਬੰਧਤ ਬਾਰਡਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੁਆਰਾ ਯੋਜਨਾਬੰਦੀ ਵਿਭਾਗ ਨੂੰ ਅਗਲੇ ਮਹੀਨੇ ਦੀ 10 ਤਾਰੀਖ ਤੱਕ ਭੇਜੀ ਜਾਵੇਗੀ।

(ਖ) ਸਾਲ 2013-14 ਦੌਰਾਨ ਪ੍ਰਵਾਨ ਹੋਈ 3231.26 ਲੱਖ ਰੁਪਏ ਦੀ ਰਾਸ਼ੀ ਵਰਕ ਪਲਾਨ ਦੇ ਪ੍ਰਵਾਣਤ ਕੰਮਾਂ ਤੇ ਹੀ ਖਰਚ ਕਰਨੀ ਯਕੀਨੀ ਬਣਾਈ ਜਾਵੇ, ਪ੍ਰਵਾਣਤ ਕੰਮਾਂ ਦੀ ਕਾਪੀ ਪਹਿਲਾਂ ਹੀ ਆਪ ਨੂੰ ਭੇਜੀ ਜਾ ਚੁੱਕੀ ਹੈ।

5. ਇਹ ਖਰਚਾ ਮੰਗ ਨੰ: 19 - ਯੋਜਨਾਬੰਦੀ (ਪਲਾਨ) ਦੀ ਮੁੱਖ ਮੱਦ 5475-ਹੋਰ ਆਮ ਆਰਥਿਕ ਸੇਵਾਵਾਂ ਤੇ ਪੂੰਜੀਗਤ ਲਾਗਤ-112-ਅੰਕੜੇ-530:53-ਮੇਜਰ ਵਰਕਸ (1951.89 ਲੱਖ ਰੁਪਏ) ਅਤੇ ਮੁੱਖ ਮੱਦ 5475-ਹੋਰ ਆਮ ਆਰਥਿਕ ਸੇਵਾਵਾਂ ਤੇ ਪੂੰਜੀਗਤ ਲਾਗਤ-789-ਅਨੁਸੂਚਿਤ ਜ਼ਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ-530:53-ਮੇਜਰ ਵਰਕਸ (1040.44 ਲੱਖ ਰੁਪਏ) ਅਤੇ ਮੁੱਖ ਮੱਦ 3451-ਸਕੱਤਰੇਤ ਇਕਨਾਮਿਕ ਸਰਵਿਸਜ਼ -101-ਪਲਾਨਿੰਗ ਬੋਰਡ-210:21-ਮਟੀਰੀਅਲ ਸਪਲਾਈ (225.43 ਲੱਖ ਰੁਪਏ) ਅਧੀਨ ਵਿੱਤੀ ਸਾਲ 2014-15 ਦੌਰਾਨ ਕੀਤੇ ਬੱਜ਼ਟ ਉਪਬੰਧ ਵਿਚੋਂ ਕੀਤਾ ਜਾਵੇਗਾ।

6. ਇਹ ਮੰਨਜ਼ੂਰੀ ਵਿੱਤ ਵਿਭਾਗ ਦੇ ਅੰ.ਵਿ.ਪੱ. ਨੰ:123, ਮਿਤੀ 07/05/2014 ਅਨੁਸਾਰ ਜਾਰੀ ਕੀਤੀ ਜਾਂਦੀ ਹੈ।

7. ਇਹ ਮੰਨਜ਼ੂਰੀ Election Commission of India ਦੇ ਪੱਤਰ ਨੰ:437/PB-HP/2014-NS-1 dated 01st May, 2014 ਦੇ ਅਨੁਸਾਰ ਜਾਰੀ ਕੀਤੀ ਜਾਂਦੀ ਹੈ (ਕਾਪੀ ਨੱਥੀ)।

ਮਿਤੀ 08/05/2014

(ਜਸਪਾਲ ਸਿੰਘ)
ਸਕੱਤਰ ਯੋਜਨਾ

(2-6)

ਪਿ.ਅੰ.ਨੰ:1/99-ਪਸਪਬ-ਖੋ.ਅ.(ਬੀ.ਏ.ਡੀ.ਪੀ.)-2014-15/1963 ਮਿਤੀ 8 ਮਈ, 2014

ਇਸ ਦਾ ਇੱਕ ਉਤਾਰਾ ਸਕੱਤਰ, ਅਨੁਸੂਚਿਤ ਜ਼ਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿ.ਅੰ.ਨੰ:1/99-ਪਸਪਬ-ਖੋ.ਅ.(ਬੀ.ਏ.ਡੀ.ਪੀ.)-2014-15/1964 ਮਿਤੀ 8 ਮਈ, 2014

ਇਸ ਦਾ ਇੱਕ ਉਤਾਰਾ ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਸਪੈਸ਼ਲ ਕੰਪੋਨੈਂਟ ਸਬ ਪਲਾਨ (ਐਸ.ਸੀ.ਐਸ.ਪੀ), ਭਲਾਈ ਵਿਭਾਗ, ਸੈਕਟਰ-34, ਚੰਡੀਗੜ੍ਹ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ।

ਡਾਇਰੈਕਟਰ ਯੋਜਨਾ

ਪਿ.ਅੰ.ਨੰ:1/99-ਪਸਪਬ-ਖੋ.ਅ.(ਬੀ.ਏ.ਡੀ.ਪੀ.)-2014-15/1965 ਮਿਤੀ 8 ਮਈ, 2014

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(i) ਇੰਸਪੈਕਟਰ ਜਨਰਲ, (ਬੀ.ਐਸ.ਐਫ.) ਫਰੰਟੀਅਰ ਹੈੱਡਕੁਆਰਟਰ ਜਲੰਧਰ ਕੈਂਟ, ਪੰਜਾਬ।

(ii) ਡਾਇਰੈਕਟਰ, ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।

(iii) ਮਹਾਂਲੇਖਾਕਾਰ(ਏ ਐਂਡ ਈ), ਪੰਜਾਬ, ਚੰਡੀਗੜ੍ਹ।

(iv) ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।

(v) ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਮ ਵਧੀਕ ਸਕੱਤਰ, ਜ਼ਿਲ੍ਹਾ ਯੋਜਨਾ ਕਮੇਟੀ, ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨਤਾਰਨ, ਫਾਜਿਲਕਾ ਅਤੇ ਫਿਰੋਜ਼ਪੁਰ।

(vi) ਉਪ-ਅਰਥ ਤੇ ਅੰਕੜਾ ਸਲਾਹਕਾਰ, ਜ਼ਿਲ੍ਹਾ ਯੋਜਨਾ ਕਮੇਟੀ, ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨਤਾਰਨ, ਫਾਜ਼ਿਲਕਾ ਅਤੇ ਫਿਰੋਜ਼ਪੁਰ।

(vii) ਡਿਪਟੀ ਕੰਟਰੋਲਰ(ਐਫ ਐਂਡ ਏ), ਅੰਦਰੂਨੀ ਆਡਿਟ ਸੰਸਥਾ, ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨਤਾਰਨ, ਫਿਰੋਜ਼ਪੁਰ ਅਤੇ ਫਾਜ਼ਿਲਕਾ।

(viii) ਜ਼ਿਲ੍ਹਾ ਖਜਾਨਾ ਅਫ਼ਸਰ, ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨਤਾਰਨ, ਫਿਰੋਜ਼ਪੁਰ ਅਤੇ ਫਾਜ਼ਿਲਕਾ।

ਡਾਇਰੈਕਟਰ ਯੋਜਨਾ

ਪਿ.ਅੰ.ਨੰ:1/99-ਪਸਪਬ-ਖੋ.ਅ.(ਬੀ.ਏ.ਡੀ.ਪੀ.)-2014-15/1966 ਮਿਤੀ 8 ਮਈ, 2014

ਇਸ ਦਾ ਇੱਕ ਉਤਾਰਾ ਸੁਪਰਡੰਟ, (ਵਿੱਤ ਖਰਚਾ-6 ਸਾਖਾ), ਵਿੱਤ ਵਿਭਾਗ ਨੂੰ ਉਨ੍ਹਾਂ ਦੇ ਅੰ.ਵਿ.ਪੱ. ਨੰ: 123, ਮਿਤੀ 07/05/2014 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

(3-6)

ਪਿ.ਅੰ.ਨੰ:1/99-ਪਸਪਬ-ਖੋ.ਅ.(ਬੀ.ਏ.ਡੀ.ਪੀ.)-2014-15/1967 ਮਿਤੀ 8 ਮਈ, 2014

ਇਸ ਦਾ ਇੱਕ ਉਤਾਰਾ ਬਜਟ ਅਫ਼ਸਰ, ਵਿੱਤ ਵਿਭਾਗ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿ.ਅੰ.ਨੰ:1/99-ਪਸਪਬ-ਖੋ.ਅ.(ਬੀ.ਏ.ਡੀ.ਪੀ.)-2014-15/1968 ਮਿਤੀ 8 ਮਈ, 2014

ਇਸ ਦਾ ਇੱਕ ਉਤਾਰਾ ਪ੍ਰੋਗ੍ਰਾਮਰ, ਯੋਜਨਾਬੰਦੀ ਵਿਭਾਗ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਪਰੋਕਤ ਅਨੁਸਾਰ ਜਾਰੀ ਕੀਤੀ 3217.76 ਲੱਖ ਰੁਪਏ ਦੀ ਰਾਸ਼ੀ ਤੁਰੰਤ ਸਬੰਧਤ ਜਿਲ੍ਹਿਆਂ ਦੇ ਡੀ.ਡੀ.ਓਜ਼ ਨੂੰ ਰਲੀਜ ਕੀਤੀ ਜਾਵੇ।

ਡਾਇਰੈਕਟਰ ਯੋਜਨਾ

ਕਾਪੀ ਵੱਲ,

ਨਿੱਜੀ ਸਕੱਤਰ/ਸਕੱਤਰ ਯੋਜਨਾ।

(4-6)